# AQA Qualification support

## GCSE Panjabi

## Preparing to teach

## Transcript of exemplar tests

## Booklet 4

Published date: Autumn 2017 version 1.0

Permission to reproduce all copyright materials have been applied for. In some cases, efforts to contact copyright holders have been unsuccessful and AQA will be happy to rectify any omissions of acknowledgements in future documents if required.

# Contents


| Contents | Page |
| --- | --- |
| Foundation Tier, Role-play 1 | 5 |
| Higher Tier, Role-play 7 | 5 |
| Foundation Tier, Photo card A | 5 |
| Higher Tier, Photo card H | 5 |
| Foundation Tier, General conversation | 6 |
| Higher Tier, General conversation | 9 |

# GCSE Panjabi exemplar speaking test transcripts

## Foundation Tier, Role-play 1

- ਮੇਰਾ ਸਕੂਲ ਬਹੁਤ ਵੱਡਾ ਹੈ। ਮੇਰਾ ਸਕੂਲ ਇੱਕ ਸਾਂਝਾ ਸਕੂਲ ਹੈ।
- ਮੈਂ ਸਕੂਲ ਤੁਰਨ ਜਾਂਦਾ ਹਾਂ।
- ਮੇਰਾ ਸਕੂਲ ਦੀ ਪੜ੍ਹਾਈ ਬਹੁਤ ਵਧੀਆ ਹੈ, ਕਿਉਂ ਕਿ ਮੇਰਾ ਸਕੂਲ ਇੱਕ ਪ੍ਰਾਈਵੇਟ ਸਕੂਲ ਹੈ।
- ਮੇਰੇ ਮਨਪਸੰਦ ਅਧਿਆਪਕ ਮੇਰੇ ਫਰੈਂਚ ਅਧਿਆਪਕ ਹੈ।
- ਤੁਹਾਨੂੰ ਸਕੂਲ ਦਾ ਕੰਮ ਕਿੰਨੇ ਮਿਲਦਾ ਹੈ।

## Higher Tier, Role-play 7

- ਪਿਛਲੇ ਵੀਕਐਂਡ ਮੈਂ ਆਪਣੀ ਸਹੇਲੀ ਨਾਲ ਫਿਲਮ ਦੇਖਣ ਗਈ ਸੀ।
- ਮੈਂ ਫਿਲਮਾਂ ਦੇਖਣੀਆਂ ਪਸੰਦ ਕਰਦੀ ਹਾਂ ਕਿਉਂ ਕਿ ਮੈਨੂੰ ਆਪਣੇ ਸਭਿਆਚਾਰਾਂ ਬਾਰੇ ਪਤਾ ਲਗਦਾ ਹੈ।
- ਮੈਂ ਆਪਣੇ ਵਿਹਲੇ ਸਮੇਂ ਵਿੱਚ ਸਹੇਲੀਆਂ ਨਾਲ ਬਾਹਰ ਨੂੰ ਜਾਂਦੀ ਹਾਂ। ਪਾਰਕ ਨੂੰ ਖੇਡਣ ਜਾਂਦੇ ਹੈ ਨਾਲੇ ਸ਼ੌਪਿੰਗ ਜਾਂਦੇ ਹੈ।
- ਮੈਂ ਦਿਲਜੀਤ ਦੁਸਾਂਝ ਨੂੰ ਦੇਖਣ ਪਸੰਦ ਕਰੂੰਗੀ ਕਿਉਂ ਕਿ ਉਹਦੇ ਗਾਣੇ ਬਹੁਤ ਚੰਗੇ ਹੈ ਅਤੇ ਉਹਦੇ ਮਤਲਬ ਬਹੁਤ ਸੁਹਣੇ ਹੈ।
- ਤੁਹਾਡੀ ਫਿਲਮ ਕਿਹੜੀ ਫਿਲਮ ਪਸੰਦ ਹੈ?

## Foundation Tier, Photo card A

- ਇਸ ਤਸਵੀਰ ਵਿੱਚ ਇੱਕ ਪਰਿਵਾਰ ਹੈ। ਉਹ ਪਰਿਵਾਰ ਬਹੁਤ ਖੁਸ਼ ਹੈ। ਇੱਕ ਮਾਤਾ ਅਤੇ ਪਿਤਾ ਜੀ ਅਤੇ ਉਨ੍ਹਾਂ ਦਾ ਇੱਕ ਕੁੜੀ ਹੈ।
- ਮੈਂ ਬਹੁਤ ਸਹੇਲੀਆਂ ਹੈ। ਮੇਰਾ ਸਹੇਲੀਆਂ ਦਾਨ ਾ ਐਬੀ ਅਤੇ ਮਾਇਆ ਹੈ।
- ਮੇਰੀ ਸਹੇਲੀ ਮਾਇਆ ਨਾਲ ਬਹੁਤ ਬਣਦੀ ਹਾਂ ਕਿਉਂ ਕਿ ਬਹੁਤ ਚੰਗੀ ਹਾਂ।
- ਮੇਰਾ ਪੱਕੀ ਸਹੇਲੀ ਐਬੀ ਹੈ ਕਿਉਂ ਕਿ ਮੈਂ ਮਦਦ ਕਰਦੀ ਹਾਂ।
- ਪਿਛਲੇ ਵੀਕਐਂਡ ਮੈਂ ਅਤੇ ਮੇਰਾ ਸਹੇਲੀਆਂ ਮੂਵੀ ਦੇਖਣ ਜਾਂਦੀ ਹੈ।

  End of photo card conversation- lasts 1min 31 sec

## Higher Tier, Photo card H

- ਇਸ ਤਸਵੀਰ ਵਿੱਚ ਤੁਸੀਂ ਕੀ ਦੇਖਦੇ ਹੋ?
- ਇਸ ਤਸਵੀਰ ਵਿੱਚ ਬਹੁਤ ਸਾਰੇ ਲੋਕੀ ਹਨ। ਲੋਕਾਂ ਨੇ ਜ਼ਿਆਦਾਤਰ ਪੀਲੇ ਰੁਮਾਲ ਬੰਨ੍ਹੇ ਹੋਏ ਹਨ ਅਤੇ ਤੀਵੀਆਂ ਨੇ ਪੀਲੀਆਂ ਚੁੰਨੀਆਂ ਲਈਆਂ ਹੋਈਓਂ ਹਨ। ਪੀਲੀਆਂ ਤੇ ਨੀਲੀਆਂ ਵੀ। ਸਾਰੇ ਇੱਕ ਪਾਸੇ ਨੂੰ ਤੁਰ ਕੇ ਜਾਰ ਹੇ ਹਨ। ਮੈਨੂੰ ਲਗਦਾ ਹੈ ਕਿ ਇਹ ਕਿਸੇ ਨਗਰਕੀਰਤਨ ਦੀ ਫੋਟੋ ਹੈ।
- ਪਿਛਲੇ ਸਾਲ ਤੁਹਾਡੇ ਸ਼ਹਿਰ ਵਿੱਚ ਕਿਹੜੇ ਤਿਉਹਾਰ ਮਨਾਏ ਗਏ ਸਨ?
- ਸਾਡੇ ਸ਼ਹਿਰ ਵਿੱਚ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ। ਇੱਥੇ ਇੰਗਲਿਸ਼ ਲੋਕਾਂ ਦੇ ਤਿਉਹਾਰ ਕ੍ਰਿਸਮਿਸ ਅਤੇ ਪੰਜਾਬੀ ਲੋਕਾਂ ਦੇ ਤਿਉਹਾਰ ਵਿਸਾਖੀ ਅਤੇ ਮੁਸਲਮਾਨ ਲੋਕਾਂ ਦੇ ਤਿਉਹਾਰ ਈਦ ਵੀ ਮਨਾਈ ਜਾਂਦੀ ਹੈ।

- ਤਿਉਹਾਰ ਮਨਾਉਣੇ ਕਿਉਂ ਜ਼ਰੂਰੀ ਹਨ ?
- ਤਿਉਹਾਰ ਮਨਾਉਣੇ ਬਹੁਤ ਹੀ ਜ਼ਰੂਰੀ ਹਨ। ਇਸ ਨਾਲ ਸਾਨੂੰ ਬੱਚਿਆਂ ਨੂੰ ਪਤਾ ਲਗਦਾ ਹੈ ਕਿ ਤਿਉਹਾਰ ਕਿਉਂ ਮਨਾਏ ਜਾਂਦੇ ਹਨ। ਉਨ੍ਹਾਂ ਦੀ ਅਹਿਮੀਅਤ ਬਾਰੇ ਪਤਾ ਲਗਦਾ ਹੈ। ਸਾਨੂੰ ਆਪਣੇ ਕਲਚਰ ਅਤੇ ਸਭਿਆਚਾਰ ਬਾਰੇ ਪਤਾ ਲਗਦਾ ਹੈ।
- ਤੁਹਾਡਾ ਮਨਪਸੰਦ ਤਿਉਹਾਰ ਕਿਹੜਾ ਹੈ ਅਤੇ ਕਿਉਂ ?
- ਮੇਰਾ ਮਨਪਸੰਦ ਤਿਉਹਾਰ ਬੰਦੀ-ਛੋੜ ਦਿਵਸ ਅਤੇ ਵਿਸਾਖੀ ਹੈ ਕਿਉਂ ਕਿ ਬੰਦੀ –ਛੋੜ ਦਿਵਸ ਤੇ ਅਸੀਂ ਬਹੁਤ ਸਾਰੇ ਪਟਾਖੇ ਵੀ ਚਲਾਉਂਦੇ ਹਾਂ, ਮੋਮਬੱਤੀਆਂ ਲਾਉਂਦੇ ਹਾਂ। ਮੈਨੂੰ ਲਾਈਟਾਂ ਤੇ ਰੌਸ਼ਨੀ ਬਹੁਤ ਪਸੰਦ
- ਹੈ। ਤਾਂ ਨਗਰਕੀਰਤਨ ਵਿਸਾਖੀ ਇਸ ਕਰ ਕੇ ਪਸੰਦ ਹੈ ਤੇ ਅਸੀਂ ਤੁਰ ਕੇ ਜਾਦੇ ਹਾਂ। ਅਸੀਂ ਬਹੁਤ ਸਾਰੇ ਲੋਕਾਂ ਨੂੰ ਵੀ ਮਿਲਦੇ ਹਾਂ। ਸਾਰੇ ਬਹੁਤ ਖੁਸ਼ ਹੁੰਦੇ ਹਨ।
- ਤੁਸੀਂ ਅਗਲੇ ਸਾਲ ਕਿਹੜੇ ਤਿਉਹਾਰ ਮਨਾਉਗੇ ਅਤੇ ਕਿਵੇਂ?
- ਅਗਲੇ ਸਾਮ ਮੈਂ ਸੋਚਦੀ ਹਾਂ ਕਿ ਮੈਂ ਆਪਣੇ ਮਾਤਾ ਜੀ ਪਿਤਾ ਜੀ ਨੂੰ ਪੁੱਛਾਂ ਜੇ ਅਸੀਂ ਦਿਵਾਲੀ ਜਾਂ ਬੰਦੀ-ਛੋੜ ਦਿਵਸ ਤੇ ਪੰਜਾਬ ਨੂੰ ਜਾਈਏ। ਉੱਥੇ ਜਾ ਕੇ ਹਰਿਮੰਦਰ ਸਾਹਿਬ ਦਿਵਾਲੀ ਦੇਖਣ ਨੂੰ ਬਹੁਤ ਦਿਲ ਕਰਦਾ ਹੈ।

End of photo card conversation- lasts 2min 40 sec

## Foundation Tier, General conversation

Topic 1: Local, national, international and global areas of interest and Topic 2: Current and future study and employment.

Candidate name Paramjit

- ਤੁਸੀਂ ਵੱਡੇ ਹੋ ਕੇ ਕਿਸ ਤਰ੍ਹਾਂ ਦੇ ਘਰ ਵਿੱਚ ਰਹਿਣਾ ਚਾਹੋਗੇ ?
- ਛੋਟਾ ਘਰ, ਛੋਟਾ ਜਿਹਾ ਘਰ ਹੋਵੇ।
- ਤੇ ਹੋਰ ਤੁਸੀਂ ਕੀ ਚਾਹੋਗੇ ਉਸ ਘਰ ਵਿੱਚ ?
- ਸਾਡੇ ਘਰ ਵਿੱਚ ਇੱਕ ਗੈਰੇਜ, ਇੱਕ ਬੈਠਣ ਨੂੰ ਕਮਰਾ, ਬੱਸ।
- ਤੇ ਫੇਰ ਤੁਸੀਂ ਸੌਉਂਗੇ ਕਿੱਥੇ ?
- ਹਾਂ, ਸੌਣ ਦਾ ਕਮਰਾ ਹਾਂਜੀ, ਚਾਹੀਦਾ।
- ਆਪਣੇ ਇਲਾਕੇ ਬਾਰੇ ਕੁਝ ਦੱਸੋ।
- ਮੇਰਾ ਇਲਾਕਾ ਸਾਫ ਹੈ ਅਤੇ ਸੁਹਣਾ ਹੈ।
- ਕਿੱਦਾਂ ਦੀਆਂ ਚੀਜ਼ਾਂ ਹਨ ਤੁਹਾਡੇ ਇਲਾਕੇ ਵਿੱਚ ?
- ਤੇ ਜਿਹੜੇ ਬੱਚੇ ਹਨ ਜਾਂ ਜਵਾਨ ਲੋਕ, ਉਨ੍ਹਾਂ ਦੇ ਕਰਨ ਲਈ ਕੀ ਹੈ ਤੁਹਾਡੇ ਇਲਾਕੇ ਵਿੱਚ ?
- ਬੱਚੇ ਸਿਨਮਾ ਜਾਂਦਾ, ਬਾਬਾ ਜੀ ਗੁਰਦੁਆਰੇ ਜਾਂਦਾ
- ਹੋਰ ਤੁਸੀਂ ਕੀ ਚਾਹੋਗੇ ਕਿ ਤੁਹਾਡੇ ਇਲਾਕੇ ਵਿੱਚ ਕੀ ਕੁਝ ਹੋਣਾ ਚਾਹੀਦਾ ?
- ਸਾਡੇ ਇਲਾਕੇ ਵਿੱਚ ਟਾਊਨ ਸੈਂਟਰ ਸੁਹਣਾ ਨੀ ਸਾਡਾ, ਨਵੀਂ ਕਾਰ ਪਾਰਕ ਚਾਹੀਦੀ ਹੈ।

- ਹੋਰ ਤੁਹਾਡੇ ਸ਼ਹਿਰ ਦੇ ਵਿੱਚ ਸਾਫ-ਸਫਾਈ ਕਿੱਦਾਂ ਦੀ ਹੈ ?
- ਸਾਡਾ ਏਰੀਆ ਗੰਦਾ।
- ਕਿੱਦਾਂ ਕੀ ਗੰਦਾ ਹੈ ਉਹਦੇ ਵਿੱਚ ?
- ਉੱਥੇ ਫੁੱਲ ਹੈਨੀ। ਪਾਰਕ ਵੀ ਗੰਦਾ।
- ਤੇ ਫੇਰ ਉੱਥੇ ਕੋਈ ਸਫਾਈ ਨਹੀਂ ਕਰਦਾ ?
- ਮੇਰੀ ਮੰਮੀ ਸਾਡੇ ਗਾਰਡਨ ਸਾਫ ਕਰਦੀ ਹੈ। ਮੇਰੇ ਡੈਡੀ ਵੀ ਕਰਦੇ ਕਦੇ।
- ਆਮ ਸ਼ਹਿਰਾਂ ਵਿੱਚ ਤਸੀਂ ਜਾਂਦੇ ਹੋ, ਅੱਗੇ ਨਹੀਂ ਇੱਦਾਂ ਹੁੰਦਾ ਸੀ, ਕਈ ਲੋਕੀ ਸੜਕਾਂ ਵਿੱਚ ਹੀ ਸੌਂ ਜਾਂਦੇ ਹਨ। ਤੁਹਾਡੇ ਸ਼ਹਿਰ ਵਿੱਚ ਵੀ ਇੱਦਾਂ ਹੁੰਦਾ ਹੈ ?
- ਸਮਝ ਨਹੀਂ ਆਈ।
- ਜਿੱਦਾਂ ਬੇਘਰ ਲੋਕ ਹਨ ਜਿਨ੍ਹਾਂ ਕੋਲ ਘਰ ਨਹੀਂ ਹਨ, ਉਹ ਗਲੀਆਂ ਵਿੱਚ ਹੀ ਸੁੱਤੇ ਹੁੰਦੇ ਹਨ। ਤੁਹਾਡੇ ਤਾਂ ਨੀ ਇਹ ਪਰੋਬਲੇਮ ਇਹ ਸਮੱਸਿਆ ?
- ਪਰੋਬਲੇਮ ਹੈਗੀ ਹੈ, ਸਮੱਸਿਆ ਵੀ ਹੈਗੀ ਹੈ। ਘਰ ਲੋਕਾਂ ਕੋਲੇ, ਕਿਸੇ ਕਿਸੇ ਕੋਲ ਹੈਗਾ ਤੇ ਨਹੀਂ ਹੈਗਾ।
- ਅੱਛਾ, ਚਲੋ ਹੁਣ ਅਸੀਂ ਦੂਸਰੇ ਟੌਪਿਕ ਤੇ ਗੱਲਬਾਤ ਕਰਦੇ ਹਾਂ। ਅੱਛਾ ਤੁਸੀਂ ਸਕੂਲ ਵਿੱਚ ਕੀ ਕੀ ਪੜ੍ਹਦੇ ਹੋ ? ਕਿਹੜੇ ਕਿਹੜੇ ਵਿਸ਼ੇ ਪੜ੍ਹਦੇ ਹੋਂ ?
- ਮੈਥਸ, ਨਹੀਂ ਨਹੀਂ ਹਿਸਾਬ, ਅੰਗ੍ਰੇਜ਼ੀ ਤੇ ਸਾਇੰਸ ਪੜ੍ਹਦੇ, ਪੰਜਾਬੀ ਵੀ ਕਦੇ ਕਦੇ ਪੜ੍ਹਦੇ।
- ਅੱਛਾ, ਤੁਹਾਡਾ ਮਨਪਸੰਦ ਵਿਸ਼ਾ ਕਿਹੜਾ ਹੈ ?
- ਮੈਨੂੰ ਸਾਇੰਸ ਚੰਗਾ ਲਗਦਾ।
- ਕਿਉਂ ?
- ਲਿਖਣਾ ਨੀ ਬਹੁਤਾ।
- ਤੇ ਹੋਰ ਤੁਹਾਡੇ ਸਕੂਲ ਵਿੱਚ ਪੜ੍ਹਾਈ ਕਿੱਦਾਂ ਦੀ ਹੈ ?
- ਮੇਰੀ ਟੀਚਰ ਇੱਕ ਚੰਗੀ ਹੈਗਾ ਤੇ ਇੱਕ ਨਹੀਂ ਚੰਗਾ ਪੜ੍ਹਾਉਂਦਾ ?
- ਕੀ ਨਹੀਂ ਕਰਦਾ ਉਹ ਟੀਚਰ ?
- ਉਹ ਔਕਾ ਕੰਮ ਦਿੰਦੇ ਬਹੁਤ, ਸਮਝ ਨਹੀਂ ਆਉਂਦੀ।
- ਤੁਹਾਡੇ ਸਕੂਲ ਦੇ ਨਤੀਜੇ ਕਿੱਦਾਂ ਦੇ ਆਉਂਦੇ ?
- ਫੇਰ ਬੋਲੋ ?
- ਜਦੋਂ ਬੱਚੇ ਇਮਤਿਹਾਨ ਕਰਦੇ ਤੇ ਨਤੀਜੇ ਆਉਂਦੇ, ਉਹ ਕਿੱਦਾਂ ਦੇ ਆਉਂਦੇ ?
- ਠੀਕ ਨਹੀਂ।
- ਇੰਨੇ ਨੀ ਵਧੀਆ ਆਉਂਦੇ ?
- ਹਾਂ ਜੀ, ਠਕਿ ਨੀ, ਕਦੇ ਕਦੇ ਸੁਹਣੇ ਹਨ।
- ਤੇ ਕਿੱਦਾਂ ਕੁ ਦੇ ਗਰੇਡ ਆਉਣੇ ਤੁਹਾਡੇ ?

AQA

- ਮੈਨੂੰ ਇੱਕ ਸੀ ਗਰੇਡ ਆਊਗਾ, ਇੱਕ ਮੈਨੂੰ ਕਹਿੰਦੇ ਡੀ ਵੀ ਆ ਸਕਦਾ। ਇੱਕ ਏ ਵੀ ਆਊਗਾ।
- ਫਿਰ ਠੀਕ ਹੈ, ਤੁਹਾਡੇ ਤਾਂ ਗਰੇਡ ਵਧੀਆ ਹੈ। ਤੁਸੀਂ ਆਪਣੀ ਸਕੂਲ ਦੀ ਪੜ੍ਹਾਈ ਖਤਮ ਕਰਕੇ ਫੇਰ ਕੀ ਕਰੂੰਗੇ?
- ਹਜੇ ਮੈਂ ਸਿਕਸ ਫੌਰਮ ਜਾਣਾ।
- ਕੀ ਕਰਨਾ ਉੱਥੇ?
- ਬੀ ਟੈਕ ਕਰਨਾ ਹੈ, ਬੱਸ।
- ਤੇ ਫੇਰ ਅੱਗੇ ਜਾ ਕੇ ਕਿੱਦ ਂਦਾ ਕੋਰਸ ਕਰਨਾ?
- ਮੈਂ ਇੱਕ ਦੁਕਾਨ ਲੈਣੀ ਹੈ।
- ਅੱਛਾ, ਆਪਣਾ ਕੰਮ ਕਰਨਾ।
- ਸਕੂਲ ਵਿੱਚ ਪੈਸੇ ਥੋੜ੍ਹੇ ਹਨ?
- ਅੱਛਾ ਇੱਦਾਂ ਦੀਆਂ ਨੌਕਰੀਆਂ ਵਿੱਚ ਪੈਸੇ ਥੋੜ੍ਹੇ ਹਨ।
- ਕਦੇ ਮੇਰਾ ਜੀਅ ਕਰਦਾ ਮੈ ਟੀਚਰ ਬਣਾ।
- ਅੱਛਾ।
- ਪਰ ਔਖਾ ਲਗਦਾ।
- ਕਿਉਂ?
- ਮੇਰੀ ਟੀਚਰ ਬਹੁਤ ਕੰਮ ਕਰਦੀ ਹੈ। ਕਦੇ ਕਦੇ ਛੁੱਟੀ ਨੀ ਮਿਲਦੀ ਉਹਨੂੰ। ਸੋ ਫਿਰ ਮੈਂ ਟੀਚਰ ਵੀ ਬਣ ਸਕਦੀ ਹਾਂ ਪਰ ਮੈਂ ਦੁਕਾਨ ਲੈਣੀ ਹੈ।
- ਜੇ ਤੁਸੀਂ ਦੁਕਾਨ ਲਈ ਤਾਂ ਕਿੱਦਾਂ ਦੀ ਦੁਕਾਨ ਲੈਣੀ ਚਾਹੋਗੇ? ਕਿੱਦਾਂ ਦੀਆਂ ਚੀਜ਼ਾਂ ਵੇਚੂੰਗੇ?
- ਪਟਿਆਲਾ ਸੂਟ, ਕਦੇ ਕਦੇ ਕੋਟੀ ਵੀ ਲਿਆਊਂਗੇ। ਮੇਰੀ ਮੰਮੀ ਸਾੜੀ ਪਸੰਦ ਕਰਦੀ ਹੈ ਤੇ ਅਸੀਂ ਸਾੜੀ ਤੇ ਸ਼ੋਲ ਵੀ ਦੁਕਾਨ ਤੇ ਰੱਖਾਂਗੇ।
- ਅੱਛਾ।
- ਇੰਡੀਆ ਤੋਂ ਲੈ ਕੇ।
- ਅੱਛਾ ਇੰਡੀਆ ਤੋਂ ਲਿਆ ਕੇ ਇੱਥੇ ਵੇਚਣੇ ਹਨ।
- ਤੁਸੀਂ ਵੀ ਸਾਡੀ ਦੁਕਾਨ ਤੇ ਆ ਸਕਦੇ ਹੋ?
- ਹਾਂ ਜ਼ਰੂਰ।
- ਹੁਣ ਅਸੀਂ ਇੱਥੇ ਤੁਹਾਡਾ ਟੈਸਟ ਖਤਮ ਕਰਦੇ ਹਾਂ।

End of Foundation conversation- 6 minutes 40 seconds

## Higher Tier, General conversation

Topic 1: Local, national, international and global areas of interest and Topic 2: Current and future study and employment.

Candidate name Karan

- ਤੁਹਾਡਾ ਘਰ ਕਿਹੋ ਜਿਹਾ ਹੈ ?
- ਸਾਡਾ ਘਰ ਇੱਕ ਅੱਧਾ ਜੁੜਿਆ ਘਰ ਹੈ। ਸਾਡੇ ਘਰ ਵਿੱਚ ਚਾਰ ਸੌਣ ਵਾਲੇ ਕਮਰੇ, ਦੋ ਬੈਠਣ ਵਾਲੇ ਕਮਰੇ, ਇੱਕ ਰਸੋਈ ਤੇ ਦੋ ਗੁਸਲਖਾਨੇ ਹਨ।
- ਤੁਹਾਡਾ ਸੁਪਨਿਆਂ ਦਾ ਘਰ ਕਿਹੋ ਜਿਹਾ ਹੋਵੇਗਾ ?
- ਮੇਰਾ ਸੁਪਨਿਆਂ ਦਾ ਘਰ ਬਹੁਤਾ ਵੱਡਾ ਨਹੀਂ, ਛੋਟਾ ਜਿਹਾ ਹੀ ਹੋਵੇਗਾ , ਜਿਹੜਾ ਕਿ ਮੈਨੂੰ ਬੰਗਲੋ ਬਹੁਤ ਪਸੰਦ ਹੈ।
- ਤੁਹਾਡੇ ਆਪਣੇ ਸ਼ਹਿਰ ਬਾਰੇ ਕੁਝ ਦੱਸੋ।
- ਸਾਡਾ ਸ਼ਹਿਰ ਨਾਂ ਬਹੁਤਾ ਵੱਡਾ ਅਤੇ ਨਾਂ ਬਹੁਤਾ ਛੋਟਾ ਹੈ। ਸਾਡੇ ਸ਼ਹਿਰ ਵਿੱਚ ਬਹੁਤ ਸਾਰੇ ਧਰਮਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। ਸਾਡੇ ਸ਼ਹਿਰ ਵਿੱਚ ਛੋਟਾ ਜਿਹਾ ਸ਼ੌਪਿੰਗ ਸੈਂਟਰ ਹੈ ਪਰ ਸੁਰਮਾਰਕਿਟ ਵੀ ਆਲੇ ਦੁਆਲੇ ਬਹੁਤ ਬਣੀਆਂ ਹੋਈਆਂ ਹਨ। ਇੱਥੇ ਇੱਕ ਰੇਲਵੇ ਸਟੇਸ਼ਨ ਵੀ ਹੈ।
- ਜਵਾਨ ਲੋਕਾਂ ਲਈ ਤੁਹਾਡੇ ਸ਼ਹਿਰ ਵਿੱਚ ਕੀ ਹੈ ?
- ਸਾਡੇ ਸ਼ਹਿਰ ਵਿੱਚ ਜਵਾਨ ਲੋਕਾਂ ਲਈ ਬਹੁਤ ਸਾਰੀਆਂ ਜਿੱਮ ਬਣੀਆਂ ਹੋਈਆਂ ਹਨ ਤੇ ਜਵਾਨ ਲੋਕੀ ਕਈ ਵਾਰ ਚਰਚ ਜਾ ਸਕਦੇ ਹਨ ਤੇ ਗੁਰਦਵਾਰੇ ਵੀ ਜਾ ਸਕਦੇ ਹਨ ਜਾਂ ਮੰਦਰ ਵੀ ਬਣੇ ਹੋਏ ਹਨ ਜੇ ਉਹ ਜਾਣਾ ਚਾਹੁੰਦੇ ਹਨ। ਸਾਡੇ ਸ਼ਹਿਰ ਵਿੱਚ ਦੋ ਬਹੁਤ ਸੁਹਣੀਆਂ ਪਾਰਕ ਵੀ ਹਨ ਜਿੱਥੇ ਜਵਾਨ ਮੁੰਡੇ ਤੇ ਕੁੜੀਆਂ ਸੈਰ ਕਰਨ ਜਾ ਸਕਦੇ ਹਨ, ਟੈਨਿਸ ਖੇਲ ਸਕਦੇ ਹਨ ਤੇ ਆਪਣੇ ਬਾਈਕ ਵੀ ਚਲਾ ਸਕਦੇ ਹਨ। ਸੋ ਬਹੁਤ ਸਾਰੇ ਮੁੰਡੇ-ਕੁੜੀਆਂ ਉੱਥੇ ਤੁਰਨ ਜਾਂਦੇ ਹਨ।
- ਤੇ ਜਿਹੜੇ ਬਜ਼ੁਰਗ ਲੋਕ ਹਨ, ਉਹਨਾਂ ਦੇ ਕਰਨ ਲਈ ਤੁਹਾਡੇ ਸ਼ਹਿਰ ਵਿੱਚ ਕੀ ਹੈ ?
- ਬਜ਼ੁਰਗ ਲੋਕਾਂ ਲਈ ਕਈ ਥਾਵਾਂ ਬਣੀਆਂ ਹੋਈਆਂ ਹਨ ਜਿੱਥੇ ਉਹ ਇੱਕ ਦੂਜੇ ਨੂੰ ਮਿਲ ਸਕਦੇ ਹਨ ਜਿੱਦਾਂ ਕਿ ਸਾਡੀ ਕਮਿਊਨਿਟੀ ਦੇ ਬਜ਼ੁਰਗ ਲੋਕੀ ਗੁਰਦੁਆਰੇ ਇਕੱਠੇ ਹੋ ਕੇ ਮਿਲਦੇ ਹਨ ਅਤੇ ਕਈ ਲੋਕੀ ਟਾਊਨ ਵਿੱਚ ਵੀ ਇਕੱਠੇ ਹੋ ਕੇ ਜਾਂਦੇ ਹਨ। ਬਜ਼ੁਰਗ ਲੋਕੀ ਕੱਠੇ ਹੋ ਕੇ ਟਰਿੱਪਾਂ ਤੇ ਵੀ ਜਾਂਦੇ ਹਨ।
- ਠੀਕ ਹੈ।
- ਤੁਸੀਂ ਕਿਹੜੇ ਵਿਸ਼ੇ ਪੜ੍ਹਨੇ ਪਸੰਦ ਕਰਦੇ ਹੋ ?
- ਮੈਨੂੰ ਸਾਇੰਸ ਪੜ੍ਹਨੀ ਤੇ ਫਰੈਂਚ ਪੜ੍ਹਨੀ ਬਹੁਤ ਪਸੰਦ ਹੈ।
- ਕਿਹੜੇ ਵਿਸ਼ੇ ਪੜ੍ਹਨੇ ਤੁਸੀਂ ਪਸੰਦ ਨਹੀਂ ਕਰਦੇ ?
- ਮੈਨੂੰ ਮੈਥਸ, ਹਿਸਾਬ ਤੇ ਇਤਿਹਾਸ ਪੜ੍ਹਨਾ ਚੰਗਾ ਨਹੀਂ ਲਗਦਾ।
- ਕਿਉਂ ?
- ਹਿਸਾਬ ਮੈਨੂੰ ਥੋੜ੍ਹਾ ਜਿਹਾ ਔਖਾ ਲਗਦਾ ਹੈ ਅਤੇ ਇਤਿਹਾਸ ਵਿੱਚ ਜਦੋਂ ਮੇਰੇ ਇਮਤਿਹਾਨ ਹੁੰਦੇ ਹਨ, ਮੈਨੂੰ ਤਰੀਕਾਂ ਦਾ ਚੇਤਾ ਭੁੱਲ ਜਾਂਦਾ ਹੈ।

- ਪੰਜਾਬ ਦੇ ਸਕੂਲਾਂ ਤੇ ਇੰਗਲੈਂਡ ਦੇ ਸਕੂਲਾਂ ਵਿੱਚ ਕੀ ਫਰਕ ਹਨ ?
- ਇੰਗਲੈਂਡ ਦੇ ਸਕੂਲਾਂ ਤੇ ਪਨਜਾਬ ਦੇ ਸਕੂਲਾਂ ਵਿੱਚ ਬਹੁਤ ਜ਼ਿਆਦਾ ਫਰਕ ਹੈ। ਪੰਜਾਬ ਦੇ ਸਕੂਲਾਂ ਵਿੱਚ ਬਹੁਤ ਘੱਟ ਸਹੂਲਤਾਂ ਹੁੰਦੀਆਂ ਹਨ ਜਿੱਥੇ ਇੰਗਲੈਂਡ ਦੇ ਸਕੂਲਾਂ ਵਿੱਚ ਬੁਹੁਤ ਜ਼ਿਆਦਾ ਸਹੂਲਤਾਂ ਹਨ। ਇੰਗਲੈਂਡ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਖੇਡਾਂ ਰਾਹੀਂ ਸਿਖਾਇਆ ਜਾਂਦਾ ਹੈ ਪਰ ਪੰਜਾਬ ਦੇ ਸਕੂਲਾਂ ਵਿੱਚ ਇਹ ਸਹੂਲਤਾਂ ਨਹੀਂ ਹਨ। ਉੱਥੇ ਕਈ ਬੱਚੇ ਹਜੇ ਵੀ ਥੱਲੇ ਬੈਠ ਕੇ ਪੜ੍ਹਦੇ ਹਨ ਪਰ ਇੰਗਲੈਂਡ ਵਿੱਚ ਬੱਚੇ ਕੁਰਸੀਆਂ ਤੇ ਟੇਬਲਾਂ ਨਾਲ ਬਹਿੰਦੇ ਹਨ।
- ਜੇ ਤੁਹਾਨੂੰ ਪੰਜਾਬ ਜਾ ਕੇ ਸਕੂਲ ਜਾਣ ਦਾ ਮੌਕਾ ਮਿਲੇ ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰੋਗੇ ?
- ਜੇ ਮੈਨੂੰ ਪੰਜਾਬ ਜਾ ਕੇ ਸਕੂਲ ਜਾਣ ਦਾ ਮੌਕਾ ਮਿਲੇ ਤਾਂ ਮੈਨੂੰ ਲਗਦਾ ਹੈ ਕਿ ਮੈਨੂੰ ਥੋੜ੍ਹਾ ਜਿਹਾ ਟਾਈਮ ਲੱਗੂਗਾ ਬੱਚਿਆਂ ਨਾਲ ਰਲਣ ਮਿਲਣ 'ਚ। ਮੈਨੂੰ ਸ਼ਾਇਦ ਉੱਥੇ ਦਾ ਮਹੌਲ ਇੱਨਾ ਚੰਗਾ ਨਾ ਲੱਗੇ ਪਰ ਮੈਨੂੰ ਉੱਥੇ ਬੱਚਿਆਂ ਨਾਲ ਖੇਡਣਾ ਤੇ ਪੰਜਾਬ ਬੋਲਣਾ ਬਹੁਤ ਚੰਗਾ ਲਗਦਾ ਹੈ ਪਰ ਇੱਥੇ ਦੀਆਂ ਸਹੂਲਤਾਂ ਨੂੰ ਬਹੁਤ ਮਿਸ ਕਰੂੰਗੀ।
- ਤੁਸੀਂ ਸਕੂਲ ਦੀ ਪੜ੍ਹਾਈ ਤੋਂ ਬਾਅਦ ਕੀ ਕਰਨਾ ਚਾਹੋਗੇ ?
- ਸਕੂਲ ਦੀ ਪੜ੍ਹਾਈ ਤੋਂ ਬਾਅਦ ਮੈਂ ਅਧਿਆਪਕ ਬਣਨਾ ਚਾਹੁੰਦੀ ਹਾਂ ਕਿਉਂ ਕਿ ਮੈਨੂੰ ਬੱਚਿਆਂ ਨਾਲ ਕੰਮ ਕਰਨਾ ਬਹੁਤ ਚੰਗਾ ਲਗਦਾ ਹੈ ਅਤੇ ਉਨ੍ਹਾਂ ਨੂੰ ਪੜ੍ਹਾਉਣਾ ਵੀ ਬਹੁਤ ਚੰਗਾ ਲਗਦਾ ਹੈ।
- ਬੱਚਿਆਂ ਨਾਲ ਕੰਮ ਕਰਨ ਵਿੱਚ ਮੁਸ਼ਕਲਾਂ ਵੀ ਆਉਂਦੀਆਂ ਹਨ ਕਿਉਂ ਕਿ ਕਈ ਵਾਰ ਬੱਚੇ ਕਹਿਣਾ ਨਹੀਂ ਮੰਨਦੇ। ਫਿਰ ਤੁਸੀਂ ਕੀ ਕਰੋਗੇ ?
- ਫਿਰ ਮੈਂ ਦੇਖੂੰਗੀ ਕਿ ਬੱਚਿਆਂ ਦਾ ਸੁਭਾਅ ਕਿਸ ਤਰ੍ਹਾਂ ਹੈ। ਕਈ ਬੱਚੇ ਪਿਆਰ ਨਾਲ ਗੱਲ ਕਰਨ ਤੇ ਮੰਨ ਜਾਂਦੇ ਹਨ ਪਰ ਜੇ ਫਿਰ ਵੀ ਮੈਨੂੰ ਮੁਸ਼ਕਲਾਂ ਆਈਆਂ ਤਾਂ ਮੈਂ ਆਪਣੇ ਸੀਨੀਅਰਾਂ ਕੋਲੋਂ ਸਲਾਹ ਲਊਂਗੀ ਜਾਂ ਉਨ੍ਹਾਂ ਨਾਲ ਗੱਲਬਾਤ ਕਰੂੰਗੀ ਕਿ ਉਹ ਕਾਤੇ ਇੱਦ ਂਦਾ ਵਿਵਹਾਰ ਕਰਦੇ ਹਨ।
- ਠੀਕ ਹੈ, ਧੰਨਵਾਦ।
- ਧੰਨਵਾਦ।

End of Higher conversation- 5 minutes 45 seconds